# ਮੁੰਡੂ

**ਨਵਤੇਜ ਸਿੰਘ** ਦੀ ਕਹਾਣੀ ਦਾ ਨਾਟਕੀ ਰੂਪ

***ਪਾਤਰ***

ਮੁੰਡੂ—ਸੱਤ-ਅੱਠ ਦਾ ਪਹਾੜੀ ਮੁੰਡਾ
ਨੀਨਾ—ਅੱਠ-ਦਸ ਸਾਲ ਦੀ ਅਮੀਰ ਘਰ ਦੀ ਕੁੜੀ
ਰਾਮੂ
ਰਾਏ ਸਾਹਿਬ

## ਮੁੰਡੂ

(ਪਰਦਾ ਖੁਲ੍ਹਦਾ ਹੈ ਤਾਂ ਇਕ ਅਮੀਰ ਘਰਾਣੇ ਦੀ ਬੈਠਕ ਏ...ਕੁਰਸੀਆਂ ਮੇਜ਼ ਪਏ ਹੋਏ ਨੇ, ਮੁੰਡਾ ਸਟੇਜ 'ਤੇ ਬੈਠਾ ਖੱਤ ਲਿੱਖ ਰਿਹਾ ਹੈ ਤੇ ਨਾਲ–ਨਾਲ ਮੂੰਹੋਂ ਵੀ ਬੋਲਦਾ ਜਾਂਦਾ ਹੈ)

ਪਿਆਰੇ ਬਾਪੂ–

ਤੁਸਾਂ ਨੂੰ ਖੁਸ਼ੀ ਹੋਵੇਗੀ ਕਿ ਮੈਨੂੰ ਹੁਣ ਕੁਝ ਨਾ ਕੁਝ ਲਿਖਣਾ ਤਾਂ ਆ ਗਿਆ ਏ–ਨੀਨਾ ਬੀਬੀ ਨੇ ਮੈਨੂੰ ਲਿਖਣਾ ਚੰਗੀ ਤਰ੍ਹਾਂ ਸਿਖਾ ਦਿੱਤਾ ਏ ਉਹ ਬੜੀ ਚੰਗੀ ਏ, ਬਾਪੂ ਜੀ ਤੁਸੀਂ ਮੈਨੂੰ ਬੜੇ ਯਾਦ ਆਉਂਦੇ ਹੋ।

ਅੱਜ ਰਾਏ ਸਾਹਿਬ ਨੇ ਸ਼ਿਮਲੇ ਜਾਣਾ ਹੈ–ਮੇਰਾ ਦਿਲ ਕਰਦਾ ਹੈ ਕਿ ਮੈਂ ਉਨ੍ਹਾਂ ਨਾਲ ਜਾਂਦਾ ਤੇ ਤੁਹਾਨੂੰ ਸਾਰਿਆਂ ਨੂੰ ਮਿਲਾ ਆਉਂਦਾ—

ਏਥੇ ਬੜੀਆਂ ਸੋਹਣੀਆਂ–ਸੋਹਣੀਆਂ ਚੀਜ਼ਾ ਮਿਲਦੀਆਂ ਨੇ–

*(ਇਤਨੇ ਨੂੰ ਨੀਨਾ ਬਸਤਾ ਚੁੱਕੀ ਪਿਛੋਂ ਦੀ ਕਮਰੇ ਵਿਚ ਆਉਂਦੀ ਹੈ ਤੇ ਮੁੰਡੂ ਦੇ ਪਿੱਛੇ ਆ ਕੇ ਖਲੋ ਜਾਂਦੀ ਏ-ਤੇ ਫਿਰ ਖੰਘੂਰਾ ਮਾਰਦੀ ਏ-ਤੇ ਫੇਰ ਅੱਗੇ ਆ ਕੇ)*

ਨੀਨਾ : ਇਹ ਮੁਨਸ਼ੀਆਂ ਵਾਂਗ ਕਲਮ ਕੀ ਮੂੰਹ ਵਿਚ ਪਾਈ ਏ ?

ਮੁੰਡੂ : (ਘਬਰਾਹਟ ਕਾਰਨ ਚਿੱਠੀ ਨੂੰ ਛੁਪਾਉਂਦਾ ਹੋਇਆ) ਖ਼ਤ ਲਿਖਦਾ ਪਿਆ ਸਾਂ–

ਨੀਨਾ : ਮੈਨੂੰ ਦਿਖਾ–

ਮੁੰਡੂ : ਕਿਉਂ ਤੂੰ ਆਪਣੀ ਕੋਈ ਚਿੱਠੀ ਦਿਖਾਉਂਦੀ ਏ ?

ਨੀਨਾ : ਮੇਰੀ ਚਿੱਠੀ ਤਾਂ ਪ੍ਰਾਈਵੇਟ ਹੁੰਦੀ ਏ–

ਮੁੰਡੂ : ਮੇਰੀ ਵੀ ਚਿੱਠੀ ਪ੍ਰਾਈਵੇਟ ਏ–

ਨੀਨਾ : ਉਸਤਾਦਾਂ ਕੋਲੋਂ ਕੋਈ ਵੀ ਗੱਲ ਪ੍ਰਾਈਵੇਟ ਨਹੀਂ ਹੁੰਦੀ–

*(ਚਿੱਠੀ ਖੋਹ ਲੈਂਦੀ ਏ ਤੇ ਪੜ੍ਹਦੀ ਹੈ, ਪਹਿਲਾ ਹੀ ਸ਼ਬਦ ਪੜ੍ਹ ਕੇ)*

ਨੀਨਾ : ਪਿਆਰੇ ਬਾਬੂ ਨਹੀਂ ਲਿਖੀਦਾ, ਬਾਪੂ ਜੀ ਲਿਖੀਦਾ ਹੈ।

ਮੁੰਡੂ : ਸਾਡੇ ਪਾਸੇ ਤਾਂ ਬਾਪੂ ਕਹਿੰਦੇ ਨੇ ਜੀ–ਤਾਂ ਇਥੇ ਹੀ ਆਖਦੇ ਨੇ–

*(ਚਿੱਠੀ ਅੱਗੇ ਪੜ੍ਹਦੀ ਏ ਤੇ ਫੇਰ ਸੰਜੀਦਾ ਹੋ ਜਾਂਦੀ ਏ)*

ਨੀਨਾ : ਮੁੰਡੂ ਤੈਨੂੰ ਆਪਣਾ ਘਰ ਬੜਾ ਚੰਗਾ ਲਗਦਾ ਏ ?

ਮੁੰਡੂ : ਆਹੋ–ਉਥੇ ਬੜੇ ਉੱਚੇ–ਉੱਚੇ ਪਹਾੜ ਨੇ ਜਿਨ੍ਹਾਂ ਉਤੇ ਸੋਹਣੇ ਸੋਹਣੇ ਦਰਖ਼ਤ ਹੈਗੇ ਨੇ ਜਦੋਂ ਹਵਾ ਚਲਦੀ ਏ–ਤਾਂ ਉਹ ਦਰਖ਼ਤ ਗਾਣਾ ਗਾਉਂਦੇ ਨੇ।

ਨੀਨਾ : ਦਰਖ਼ਤ ਗਾਣਾ ਗਾਉਂਦੇ ਨੇ ?

ਮੁੰਡੂ : ਮੈਂ ਸਾਰਾ ਦਿਨ ਆਪਣੇ ਦੋਸਤਾਂ ਨਾਲ ਉਥੇ ਬੱਕਰੀਆਂ ਦੀ ਰਾਖੀ ਕਰਦਾ ਸੀ, ਮੈਂ ਤੇ ਮੇਰੇ ਦੋਸਤ ਜੰਗਲ ਵਿਚ ਚਲੇ ਜਾਂਦੇ–ਬੱਕਰੀਆਂ ਝਾੜੀਆਂ ਤੋਂ ਪੱਤੇ ਖਾਂਦੀਆਂ ਰਹਿੰਦੀਆਂ ਤੇ ਅਸੀਂ ਖੇਡਦੇ ਰਹਿੰਦੇ–ਮੇਰਾ ਦੋਸਤ ਬੜੀ ਸੋਹਣੀ ਬੰਸਰੀ ਵਜਾਂਦਾ ਸੀ। ਬੜੀ ਮੌਜ ਕਰਦੇ ਸਾਂ ਅਸੀਂ–

ਨੀਨਾ : ਮੈਂ ਜਾਵਾਂਗੀ, ਉਥੇ ਤਾਂ ਦਰਖ਼ਤਾਂ ਦਾ ਗਾਣਾ ਸੁਣਾਂਗੀ–

ਮੁੰਡੂ : ਫੇਰ ਤੇਰਾ ਉਥੋਂ ਛੇਤੀ ਕੀਤੀ ਆਉਣ ਦਾ ਦਿਲ ਨਹੀਂ ਕਰੇਗਾ–

ਨੀਨਾ : ਤੇ ਫੇਰ ਤੂੰ ਇਥੇ ਕਿਉਂ ਆਇਆ ?

ਮੁੰਡੂ : ਮੈਂ ਕਦੋਂ ਆਉਂਦਾ ਸੀ–ਚਾਚਾ ਪਿੰਡ...ਗਿਆ ਤੇ ਮੈਨੂੰ ਇਥੇ ਲੈ ਆਇਆ–ਨੀਨਾ ਮੇਰਾ ਬਾਪੂ ਗ਼ਰੀਬ ਸੀ–ਉਸ ਨੂੰ ਪੈਸੇ ਦੀ ਲੋੜ ਸੀ–

ਨੀਨਾ : ਉਹ ਗ਼ਰੀਬ ਕਿਉਂ ਸੀ–

ਮੁੰਡੂ : ਮੈਨੂੰ ਕੀ ਪਤਾ ?

ਨੀਨਾ : ਕਿਸੇ ਨੂੰ ਗ਼ਰੀਬ ਨਹੀਂ ਹੋਣਾ ਚਾਹੀਦਾ–

*(ਫਿਰ ਚਿੱਠੀ ਅੱਗੋਂ ਪੜ੍ਹਦੀ ਹੈ)*

ਨੀਨਾ : ਤੂੰ ਆਪਣੀ ਰਾਣੋ ਭੈਣ ਲਈ ਚੂੜੀਆਂ ਲੈ ਕੇ ਜਾਵੇਂਗਾ– ?

ਮੁੰਡੂ : ਹਾਹੋ ਮੇਰੀ ਭੈਣ ਬੜੀ ਚੰਗੀ ਹੈ–ਜਦੋਂ ਸਿਆਲਾਂ ਵਿਚ ਬੜੀ ਬਰਫ਼ ਪੈਂਦੀ ਤੇ ਬੜੀ ਠੰਡੀ ਹੁੰਦੀ ਤਾਂ ਮੇਰੀ ਭੈਣ ਮੈਨੂੰ ਬੜੀਆਂ ਕਹਾਣੀਆਂ ਸੁਣਾਉਂਦੀ।

ਨੀਨਾ : ਤੂੰ ਤਾਂ ਮੈਨੂੰ ਕਦੀ ਕੋਈ ਕਹਾਣੀ ਨਹੀਂ ਸੁਣਾਈ ?

ਮੁੰਡੂ : ਉਹ ਤਾਂ ਕੁੜੀਆਂ ਸੁਣਾਉਂਦੀਆਂ ਨੇ–

ਨੀਨਾ : ਮੈਨੂੰ ਤਾਂ ਕੋਈ ਕਹਾਣੀ ਨਹੀਂ ਆਂਦੀ–

ਮੁੰਡੂ : ਮੇਰੀ ਭੈਣ ਬੜੀ ਸਿਆਣੀ ਏ ਤੇ ਉਸਨੂੰ ਬੜੀਆਂ ਕਹਾਣੀਆਂ ਆਉਂਦੀਆਂ ਨੇ–ਸਾਡੇ ਪਹਾੜ ਦੀਆਂ ਸਾਰੀਆਂ ਕੁੜੀਆਂ ਨੂੰ

ਕਹਾਣੀਆਂ ਆਉਂਦੀਆਂ ਨੇ–

ਨੀਨਾ : ਕਿਹੋ ਜਿਹੀਆਂ ?

ਮੁੰਡੂ : ਮੇਰੀ ਭੈਣ ਮੈਨੂੰ ਇਕ ਕਹਾਣੀ ਸੁਣਾਉਂਦੀ ਸੀ–ਇਕ ਪਹਾੜੀ ਮੁੰਡੇ ਦੀ ਜਿਸਦਾ ਬਰਫ਼ਾਂ ਦੀ ਸ਼ਹਿਜ਼ਾਦੀ ਨਾਲ ਪਿਆਰ ਸੀ–

ਨੀਨਾ : ਬਰਫ਼ਾਂ ਦੀ ਸ਼ਹਿਜ਼ਾਦੀ ਨਾਲ ?

ਮੁੰਡੂ : ਹਾਂ ਬਰਫ਼ਾਂ ਦੀ ਸ਼ਹਿਜ਼ਾਦੀ ਨੂੰ ਜਿਹੜੀ ਪਹਾੜ ਦੀ ਚੋਟੀ 'ਤੇ ਰਹਿੰਦੀ ਸੀ–ਹਰ ਰੋਜ਼ ਜਦੋਂ ਸੂਰਜ ਚੜ੍ਹਦਾ ਤਾਂ ਬਰਫ਼ਾਂ ਦੀ ਸ਼ਹਿਜ਼ਾਦੀ ਮੁਸ...ਪਹਾੜੀ ਮੁੰਡੇ ਨੂੰ ਬਲਾਉਂਦੀ–

ਨੀਨਾ : ਉਹ ਉਸਨੂੰ ਲੱਭਣ ਚਲਾ ਗਿਆ ?

ਮੁੰਡੂ : ਹਾਂ ਜਦੋਂ ਉਹਦੇ ਵੱਲ ਗਿਆ ਤਾਂ ਉਹਨੂੰ ਬੜੇ...ਪਰ ਪਹਾੜੀ ਮੁੰਡਾ ਬੜਾ ਬਹਾਦੁਰ ਸੀ–ਉਹ ਸਾਰੀਆਂ ਮੁਸ਼ਕਲਾਂ ਪਾਰ ਕਰਕੇ ਸ਼ਹਿਜ਼ਾਦੀ ਕੋਲ ਪਹੁੰਚ ਗਿਆ। ਸ਼ਹਿਜ਼ਾਦੀ ਬੜੀ ਖੁਸ਼ ਹੋਈ। ਦੋਨਾਂ ਨੇ ਵਿਆਹ ਕਰ ਲਿਆ ਤੇ ਖੁਸ਼ ਖੁਸ਼ ਰਹਿਣ ਲੱਗ ਪਏ।

ਨੀਨਾ : ਬੜੀ ਚੰਗੀ ਕਹਾਣੀ ਏ–

ਮੁੰਡੂ : ਤੂੰ ਮੇਰੀ ਭੈਣ ਨੂੰ ਮਿਲੇਗੀ ਤਾਂ ਉਹ ਤੈਨੂੰ ਵੀ। ਬੜੀਆਂ ਕਹਾਣੀਆਂ ਸੁਣਾਵੇਗੀ–

ਨੀਨਾ : ਉਹ ਇਥੇ ਆਏਗੀ ?

ਮੁੰਡੂ : ਨਹੀਂ ਅੱਜ ਤੁਸੀਂ ਸ਼ਿਮਲੇ ਜਾਣਾ ਏ–ਸਾਡਾ ਘਰ ਉਥੋਂ ਬੜਾ ਨੇੜੇ ਏ–

ਨੀਨਾ : ਫੇਰ ਤਾਂ ਬੜੀ ਮੌਜ ਏ–ਤੂੰ ਮੈਨੂੰ ਆਪਣੇ ਘਰ ਲੈ ਜਾਏਗਾ ਨਾ ?

ਮੁੰਡੂ : ਹਾਂ ਅਸੀਂ ਤੈਨੂੰ ਮੱਕੀ ਦੀ ਰੋਟੀ ਖਵਾਵਾਂਗੇ–(ਹੱਥ ਨਾਲ ਦੱਸਦੇ ਹੋਏ) ਇਨੀ ਵੱਡੀ ਸਾਰੀ–(ਹੱਸਦੇ ਹੋਏ) ਬਸ ਤੂੰ ਇਕ ਹੀ ਨਹੀਂ ਪਾ ਸਕੇਗੀ–

ਨੀਨਾ : ਮੈਂ ਤੇਰੀ ਭੈਣ ਨੂੰ ਬਹੁਤ ਸਾਰੇ ਖਿਡੌਣੇ ਦਿਆਂਗੀ–

ਮੁੰਡੂ : ਉਹ ਤੈਨੂੰ ਬਹੁਤ ਸਾਰੀਆਂ ਕਹਾਣੀਆਂ ਸੁਣਾਏਗੀ–

ਨੀਨਾ : ਹੋ ਗਿਆ ਵਹਿਦਾ ਪੱਕਾ ?

ਮੁੰਡੂ : ਹੋ ਗਿਆ ਪੱਕਾ–

ਨੀਨਾ : ਤੇ ਸੁੱਟ ਹੱਥ–

*(ਦੋਵੇਂ ਹੱਥ ਮਿਲਾਉਂਦੇ ਨੇ। ਤਾਂ ਚਾਚਾ ਚਪੜਾਸੀ ਸਟੇਜ 'ਤੇ ਆਉਂਦਾ ਹੈ)*

ਚਾਚਾ : ਕਾਹਦੇ ਵਹਿਦੇ ਹੋ ਰਹੇ ਨੇ ਨਿੱਕਿਆਂ ਦੇ ?

ਨੀਨਾ : ਚਾਚਾ–ਮੈਂ ਸ਼ਿਮਲੇ ਮੁੰਡੂ ਦੀ ਭੈਣ ਰਾਣੋ ਨੂੰ ਮਿਲਾਂਗੀ ਉਹ ਮੈਨੂੰ ਬੜੀਆਂ ਕਹਾਣੀਆਂ ਸੁਣਾਏਗੀ–

ਚਾਚਾ : ਜਿਹੋ ਜਿਹੀਆਂ ਮੈਂ ਸੁਣਾਉਂਦਾ ਹਾਂ–

ਨੀਨਾ : ਤੇਰੀਆਂ ਕਹਾਣੀਆਂ ਤਾਂ ਚਾਚਾ ਬਿਲਕੁਲ ਝੱਖ ਹੁੰਦੀਆਂ ਨੇ–

ਚਾਚਾ : ਆ ਹੋ ਹੁੰਦੀਆਂ ਨੇ, ਹੁਣ ਕਦੀ ਸੁਣਾਉਂਦੀ ਤਾਂ ਆਖੀ–ਉਸ ਵੇਲੇ ਤਾਂ ਫਟ (ਨਕਲ ਲਾ ਕੇ) ਚਾਚਾ ਇਕ ਕਹਾਣੀ ਪਲੀਜ਼ ਇਕ ਕਹਾਣੀ–

*(ਦੋਨੋਂ ਹਸਦੇ ਨੇ)*

ਮੁੰਡੂ : ਤੇ ਚਾਚਾ ਅਸੀਂ ਨੀਨਾ ਨੂੰ ਮੱਕੀ ਦੀ ਰੋਟੀ ਖਵਾਵਾਂਗੇ–

ਚਾਚਾ : (ਹੱਸਕੇ–ਟਿਚਕਰ ਨਾਲ) ਇਹ ਮੱਕੀ ਦੀ ਰੋਟੀ ਖਾਏਗੀ ? ਇਕ ਗਰਾਹੀ ਖਾਂਦੀ ਤਾਂ ਇਹਦੇ ਢਿੱਡ ਪੀੜ ਹੋ ਜਾਏਗੀ–

ਨੀਨਾ : ਤੂੰ ਮੈਨੂੰ ਕੀ ਸਮਝਿਆ ਏ ਚਾਚਾ ?

ਚਾਚਾ : ਤੇ ਮੈਂ ਤੈਨੂੰ ਬੜਾ ਬਹਾਦਰ ਸਮਝਿਆ ਏ–ਹੁਣ ਗੱਲਾਂ ਨਾ ਬਣਾ ਜਲਦੀ–ਜਲਦੀ ਆਪਣਾ ਸਾਮਾਨ ਕੱਢ ਗੱਡੀ ਦਾ ਵਕਤ ਹੋਈ ਜਾਂਦਾ ਏ–

ਨੀਨਾ : ਡੈਡੀ ਨਹੀਂ ਆਏ ?

ਚਾਚਾ : ਸਾਹਿਬ ਨੂੰ ਇਕ ਕੰਮ ਪੈ ਗਿਆ ਸੀ–ਉਹਨਾਂ ਮੈਨੂੰ ਆਖਿਆ ਸਾਮਾਨ ਤਿਆਰ ਕਰਨ ਲਈ–

*(...ਚੁੱਕਕੇ ਬਿਸਤਰਾ ਬੰਨ੍ਹਣ ਦੀ ਤਿਆਰੀ ਕਰਦਾ ਏ)*

ਨੀਨਾ : ਮੁੰਡੂ ਤੂੰ ਵੀ ਆਪਣਾ ਸਾਮਾਨ ਤਿਆਰ ਕਰ ਲੈ–

ਚਾਚਾ : ਨਹੀਂ ਨੀਨਾ ਮੁੰਡੂ ਨੇ ਨਹੀਂ ਜਾਣਾ, ਉਹ ਇਥੇ ਮੇਰੇ ਕੋਲ ਰਹੇਗਾ

ਨੀਨਾ : ਜਾਣਾ ਕਿਉਂ ਨਹੀਂ ? ਇਹਦਾ ਘਰ ਉਥੇ ਏ–
ਤੂੰ ਜਾ ਮੁੰਡੂ ਆਪਣਾ ਸਾਮਾਨ ਤਿਆਰ ਕਰ–

*(ਮੁੰਡੂ ਜਾਂਦਾ ਏ)*

ਚਾਚਾ : ਏਧਰ ਲਿਆ ਆਪਣੇ ਕੱਪੜੇ–

*(ਨੀਨਾ ਸਾਰੇ ਕੱਪੜੇ ਤੇ ਇਕ ਗੁੱਡੀ ਵੀ ਲਿਆਉਂਦੀ ਹੈ)*

ਚਾਚਾ : (ਗੁੱਡੀ ਨੂੰ ਦੇਖਕੇ) ਇਹ ਕਿਧਰ ਲੈ ਜਾਂਦੀ ਏ ? ਅੱਗੇ ਸਾਮਾਨ ਏਨਾ ਹੋ ਗਿਆ ਏ–

ਨੀਨਾ : ਗੁੱਡੀ ਤਾਂ ਜ਼ਰੂਰ ਲਿਜਾਣੀ ਏ, ਮੁੰਡੂ ਦੀ ਭੈਣ ਰਾਣੋ ਤੇ ਮੈਂ ਇਹਦੇ ਨਾਲ ਇਕੱਠੇ ਖੇਡਾਂਗੀਆਂ–

ਚਾਚਾ : ਮੁੰਡੂ ਦੀ ਭੈਣ ਰਾਣੋ ਕੋਲ ਜਾਏਗੀ ਤਾਂ ਉਹਦੇ ਕੋਲ ਹੋਰ ਖਿਡੌਣੇ

ਵੀ ਤਾਂ ਹੋਣਗੇ–

ਨੀਨਾ : ਉਹ ਆਪਣੇ ਖਿਡੌਣੇ ਮੈਨੂੰ ਦੇਏਗੀ ਤੇ ਮੈਂ ਆਪਣੇ ਖਿਡੌਣੇ ਉਹਨੂੰ ਦਿਆਂਗੀ।

ਚਾਚਾ : ਅੱਛਾ ਚਾਚਾ–ਕੱਪੜੇ ਵੀ ਦੇ ਦੇ।

*(ਨੀਨਾ ਫਰਾਕ ਵਗੈਰਾ ਦੇਂਦੀ ਏ)*

ਚਾਚਾ : ਇਹ ਫਰਾਕ ਲਿਜਾ ਕੇ ਕੀ ਕਰੇਗੀ ਉਥੇ ਬੜੀ ਸਰਦੀ ਹੋਏਗੀ–ਇਹ ਕੱਪੜੇ ਉਥੇ ਨਹੀਂ ਚਲਦੇ–

*(ਇਤਨੇ ਵਿਚ ਮੁੰਡੂ ਆਪਣਾ ਥੈਲਾ ਤੇ ਇਕ ਬਿਸਤਰਾ ਚੁੱਕੀ ਆਉਂਦਾ ਹੈ)*

ਨੀਨਾ : ਚਲਦੇ ਕਿਉਂ ਨਹੀਂ ?

ਚਾਚਾ : ਮੁੰਡੂ ਕੋਲੋਂ ਪੁੱਛੋ–ਕਿਉਂ ਬਈ ਮੁੰਡੂ ਇਹ ਕੱਪੜੇ ਕੋਈ ਪਹਾੜ ਵਿਚ ਪਾਉਂਦਾ ਏ ?

ਮੁੰਡੂ : ਨਹੀਂ ਪਹਾੜ ਵਿਚ ਤਾਂ ਸਿਰਫ਼ ਗਰਮ ਕੱਪੜੇ ਚਲਦੇ ਨੇ–

ਨੀਨਾ : ਹੂੰ ਗਰਮ ਕੱਪੜੇ ਨੇ ?

ਮੁੰਡੂ : ਸਾਨੂੰ ਪਹਾੜੀ ਮੁੰਡਿਆਂ ਨੂੰ ਠੰਡ ਨਹੀਂ ਲਗਦੀ–ਅਸੀਂ ਤਾਂ ਬਰਫ਼ਾਂ ਵਿਚ ਰਹਿੰਦੇ ਹਾਂ।

ਨੀਨਾ : ਵੱਡਾ ਆਇਆ ਏ ਬਰਫ਼ ਦਾ ਸ਼ਹਿਜ਼ਾਦਾ ਤੈਨੂੰ ਨਹੀਂ ਲਗਦੀ ਤਾਂ ਮੈਨੂੰ ਵੀ ਨਹੀਂ ਲਗਦੀ–ਚਾਚਾ ਮੈਂ ਵੀ ਗਰਮ ਕੱਪੜੇ ਨਹੀਂ ਲਿਜਾਣੇ–

*(ਗਰਮ ਕੱਪੜਿਆਂ ਨੂੰ ਇਕ ਪਾਸੇ ਕਰ ਦਿੰਦੀ ਏ)*

ਚਾਚਾ : ਕਿਉਂ ਨਹੀਂ ਲਿਜਾਣੇ–ਓਥੇ ਜਾ ਕੇ ਫੇਰ ਪਾਲੇ ਨਾਲ ਠਰੂ ਠਰੂ ਕੀਤੀ ਤਾਂ ਚਾਚੇ ਨੂੰ ਗਾਲਾਂ ਕੱਢੇਗੀ–ਤੇ ਡੈਡੀ ਨੂੰ ਆਖੇਗੀ–

*(ਚਾਚਾ ਕੱਪੜੇ ਸੂਟਕੇਸ ਵਿਚ ਪਾਉਂਦਾ ਏ ਤੇ ਫੇਰ ਬਿਸਤਰਾ ਬੰਨ੍ਹਣ ਲਗਦਾ ਏ ਬਿਸਤਰਾ ਵੱਡਾ ਏ)*

ਚਾਚਾ : ਮੁੰਡੂ ਇਕ ਪਾਸੇ ਤੋਂ ਪਕੜ ਜ਼ਰਾ।

ਮੁੰਡੂ : ਲਿਆ ਚਾਚਾ ਮੈਂ ਬੰਨ੍ਹ ਦੇਂਦਾ ਹਾਂ।

ਨੀਨਾ : ਮੈਂ ਬੰਨ੍ਹ ਦੇਂਦੀ ਆਂ।

ਚਾਚਾ : (ਮਖੌਲ ਕਰਕੇ) ਤੂੰ ਬੰਨ੍ਹ ਦੇਵੇਂਗੀ ? ਹਾਂ ਬਈ ਮੁੰਡੂ ਜ਼ਰਾ ਪਰੇ ਹੋ ਜਾ– ਨੀਨਾ ਰਾਣੀ ਬਿਸਤਰਾ ਬੰਨ੍ਹਗੀ ਬੜੀ ਬਹਾਦਰ ਏ–

*(ਨੀਨਾ ਇਸ ਤਰ੍ਹਾਂ ਬੰਨ੍ਹਦੀ ਏ ਤੇ ਪੇਟੀ ਕਸਦਿਆਂ ਡਿੱਗ ਪੈਂਦੀ ਹੈ। ਚਾਚਾ ਅਤੇ ਮੁੰਡੂ ਹਸਦੇ ਨੇ-ਤੇ ਫੇਰ ਮੁੰਡੂ ਮਦਦ ਕਰਦਾ ਹੈ- ਤੇ ਇਸ ਤਰ੍ਹਾਂ ਬਿਸਤਰਾ ਬੰਨ੍ਹੀ ਜਾਂਦਾ ਏ-)*

ਚਾਚਾ : ਦੇਖਿਆ ਪਹਾੜੀ ਮੁੰਡੇ ਦੀ ਤਾਕਤ...ਇਹ ਮੱਕੀ ਦੀ ਰੋਟੀ ਤਾਕਤ ਏ।

ਨੀਨਾ : ਮੈਂ ਵੀ ਮੁੰਡੂ ਦੇ ਘਰ ਮੱਕੀ ਦੀ ਰੋਟੀ ਖਾਵਾਂਗੀ–

*(ਸਾਮਾਨ ਦੇਖ ਕੇ)*

ਤੇਰਾ ਸਮਾਨ ਮੁੰਡੂ ਇਹ ਵੇ ?

ਮੁੰਡੂ : ਸਾਡਾ ਕੀ ਏ ? ਆਪਣਾ ਥੈਲਾ ਤਾਂ ਹਮੇਸ਼ਾ ਤਿਆਰ ਰਹਿੰਦਾ ਏ–

*(ਇੰਨੇ ਵਿਚ ਰਾਏ ਸਾਹਿਬ ਡੈਡੀ ਆ ਜਾਂਦੇ ਨੇ)*

ਰਾਏ ਸਾਹਿਬ : ਕਿਉਂ ਬਈ ਰਾਮੂ ਸਭ ਤਿਆਰੀ ਹੋ ਗਈ ਏ ?

ਰਾਮੂ : ਹਾਂ ਜੀ...

ਰਾਏ ਸਾਹਿਬ : ਨੀਨਾ ਦੇ ਕੱਪੜੇ ਵੀ ?

ਰਾਮੂ : ਸਭ–

ਰਾਏ ਸਾਹਿਬ : ਮੁੰਡੂ ਟਾਮੀ ਨੂੰ ਅੱਜ ਦੁੱਧ ਪਾ ਦਿੱਤਾ–

ਮੁੰਡੂ : ਹਾਂ ਜੀ–

ਰਾਏ ਸਾਹਿਬ : ਰੋਟੀ ਦੁੱਧ ਵਿਚ ਵੀ ਪਾ ਦੇਣੀ ਸੀ–

ਮੁੰਡੂ : ਉਹ ਪਾ ਦਿੱਤੀ ਸੀ ਜੀ–

ਰਾਏ ਸਾਹਿਬ : (ਘੜੀ ਦੇਖ ਕੇ) ਵਕਤ ਤਾਂ ਹੋ ਗਿਆ ਏ। ਮੋਟਰ ਵਿਚ ਸਾਮਾਨ ਛੱਡਦੇ–

*(ਮੁੰਡੂ ਅਤੇ ਰਾਮੂ ਸਾਮਾਨ ਰੱਖਦੇ ਹਨ, ਰਾਇ ਸਾਹਿਬ ਮੁੰਡੂ ਦਾ ਬਿਸਤਰਾ ਦੇਖਦੇ ਨੇ)*

ਰਾਏ ਸਾਹਿਬ : ਇਹ ਕੀ ਏ–

ਨੀਨਾ : ਇਹ ਮੁੰਡੂ ਦਾ ਸਾਮਾਨ ਏ, ਡੈਡੀ ਮੁੰਡੂ ਵੀ ਸਾਡੇ ਨਾਲ ਜਾਏਗਾ–

ਸਾਹਿਬ : ਮੁੰਡੂ ਸਾਡੇ ਨਾਲ ਜਾਏਗਾ ?
ਏਥੇ ਟਾਮੀ ਦਾ ਖ਼ਿਆਲ ਕੌਣ ਰੱਖੇਗਾ ?

ਨੀਨਾ : ਡੈਡੀ ਮੁੰਡੂ ਦਾ ਘਰ ਸ਼ਿਮਲੇ ਦੇ ਨੇੜੇ ਏ–ਮੈਂ ਉਹਦੇ ਘਰ ਉਹਦੀ ਭੈਣ ਕੋਲੋਂ ਕਹਾਣੀ ਸੁਣਾਂਗੀ–ਤੇਰੇ ਕੋਲ ਇਤਨੀਆਂ ਸਟੋਰੀਆਂ ਬੁਕਸ ਨੇ ਕੌਮੇਇਕਸ ਆਂਹਦੀ–ਜਾਵਾਂਗੀ ਉਹਦੀ ਭੈਣ ਕੋਲੋਂ ਸਟੋਰੀਆਂ ਸੁਣਾਂਗੀ–

ਰਾਏ ਸਾਹਿਬ : ਕਹੀਆਂ ਪਾਗਲਾਂ ਵਾਲੀਆਂ ਗੱਲਾਂ ਕਰਦੀ ਏ ਮੁੰਡੂ ਦੇ ਘਰ ਜਾਏਗੀ–

ਨੀਨਾ : ਹਾਂ ਜੇ ਡੈਡੀ ਮੁੰਡੂ ਨਹੀਂ ਜਾਵੇਗਾ ਤਾਂ ਮੈਂ ਵੀ ਨਹੀਂ ਜਾਵਾਂਗੀ।

ਰਾਏ ਸਾਹਿਬ : ਬੇਟੇ ਮੈਂ ਕਦੋਂ ਕਹਿੰਦਾ ਹਾਂ ਨਾ ਜਾਏ, ਪਰ ਏਥੇ ਪੱਪੀ ਤਾਂ ਵਿਚਾਰਾਂ

ਭੁੱਖਾ ਮਰ ਜਾਏਗਾ...

ਨੀਨਾ : ਨਹੀਂ ਡੈਡੀ ਨਹੀਂ–

*(ਰੁੱਸ ਜਾਂਦੀ ਏ)*

ਰਾਏ ਸਾਹਿਬ : ਰੁੱਸ ਗਈ ਏ ਬੇਟਾ ? ਦੇਖ ਮੈਂ ਤੇਰੇ ਲਈ ਕੀ ਲਿਆਇਆ–

*(ਜੇਬ ਵਿਚ ਹੱਥ ਪਾਉਂਦਾ ਏ)*

ਨੀਨਾ : ਕੀ ?

ਮੁੰਡੂ, ਦੇਖੀ ਟਾਮੀ ਨੂੰ ਦੁੱਧ ਰੋਟੀ ਵਗੈਰਾ ਵਕਤ ਸਿਰ ਮਿਲ ਜਾਏ–

ਰਾਏ ਸਾਹਿਬ : ਪਹਿਲੇ ਹੱਸ ਫੇਰ ਦਿਆਂਗਾ–

*(ਨੀਨਾ ਮੁਸਕਰਾਉਂਦੀ ਏ-ਰਾਏ ਸਾਹਿਬ ਉਸਨੂੰ ਟਾਫੀਆਂ ਦਾ ਪੈਕਟ ਦੇਂਦੇ ਨੇ ਤੇ ਨਾਲ ਹੀ ਉਸ ਨੂੰ ਬਾਹਰ ਲੈ ਜਾਂਦੇ ਨੇ)*

*(ਮੁੰਡੂ ਆਪਣੀ ਬਿਸਤਰੀ ਤੇ ਥੈਲਾ ਚੁੱਕੀ ਸਟੇਜ ਤੇ ਜਾਂਦਾ ਹੈ, ਉਹਦੀਆਂ ਅੱਖਾਂ ਵਿਚ ਅੱਥਰੂ ਹਨ-ਰਾਮੂ ਚਾਚਾ, ਬਾਹਰ ਤੋਂ ਆ ਜਾਂਦਾ ਹੈ...ਮੁੰਡੇ ਨੂੰ ਪਿਆਰ ਕਰਦਾ ਏ)*

ਰਾਮੂ : ਬੇਟੇ ਨਹੀਂ–ਤੂੰ ਮੇਰੇ ਕੋਲ ਰਹੇਗਾ–ਮੈਂ ਤੈਨੂੰ ਕਹਾਣੀਆਂ ਸੁਣਾਵਾਂਗਾ–ਉਸ ਪਰੀਆਂ ਦੇ ਦੇਸ਼ ਦੀਆਂ–ਜਿਥੇ ਨਿੱਕੇ ਮੁੰਡੇ ਮਾਪਿਆਂ ਤੋਂ ਭੈਣਾਂ ਤੋਂ ਵਿਛੜ ਕੇ–ਪ੍ਰਦੇਸ਼ਾਂ ਵਿਚ ਨੌਕਰੀਆਂ ਨਹੀਂ ਕਰਦੇ–ਹਾਂ ਪਰੀਆਂ ਦੇ ਦੇਸ਼ ਦੀ ਕਹਾਣੀ–ਤੇ ਚਾਚੇ ਦੀਆਂ ਅੱਖਾਂ ਵਿਚ ਵੀ ਅੱਥਰੂ ਨੇ...

*(ਪਰਦਾ ਹੌਲੇ ਹੌਲੇ ਡਿਗਦਾ ਹੈ)*

*ਸਮਾਪਤ*